3-Jan-Gurdaspur-6-9.qxd 1/3/2022 11:35 PM Page 1

55 ਲੱਖ ਰੁਪਏ ਦੀ ਲਾਗਤ ਨਾਲ ਬਹੁਤਕਨੀਕੀ ਕਾਲਜ ਅਤੇ ਆਈ.ਟੀ.ਆਈ. ਬਟਾਲਾ ਦੇ ਖੇਡ ਮੈਦਾਨਾਂ 'ਚ ਲੱਗਣਗੇ ਓਪਨ ਏਅਰ ਜਿੰਮ

▶▶ ਕੈਬਨਿਟ ਮੰਤਰੀ ਬਾਜਵਾ ਨੇ ਰੱਖਿਆ ਨੀਂਹ ਪੱਥਰ

ਬਟਾਲਾ, 3 ਜਨਵਰੀ (ਕਾਹਲੋਂ)-ਮੁੱਖ ਮੰਤਰੀ ਪੰਜਾਬ ਚਰਨਜੀਤ ਸਿੰਘ ਚੰਨੀ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵਲੋਂ ਬੁਨਿਆਦੀ ਢਾਂਚੇ ਦੇ ਵਿਕਾਸ ਲਈ ਉਲੀਕੀ ਗਈ ਯੋਜਨਾ ਤਹਿਤ ਬਹੁਤਕਨੀਕੀ ਕਾਲਜ ਅਤੇ ਆਈ.ਟੀ.ਆਈ. ਬਟਾਲਾ ਦੇ ਖੇਡ ਮੈਦਾਨਾਂ ਦੇ ਵਿਕਾਸ ਕਾਰਜਾਂ ਦਾ ਨੀਂਹ ਪੱਥਰ ਅੱਜ ਸੂਬੇ ਦੇ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਵਲੋਂ ਰੱਖਿਆ ਗਿਆ। ਇਸ ਮੌਕੇ ਮੇਅਰ ਸੁਖਦੀਪ ਸਿੰਘ ਤੇਜਾ, ਪ੍ਰਿੰਸੀਪਲ ਬਹੁਤਕਨੀਕੀ ਕਾਲਜ ਬਟਾਲਾ ਅਜੇ ਅਰੋੜਾ, ਪ੍ਰਿੰਸੀਪਲ ਆਈ.ਟੀ.ਆਈ. ਬਟਾਲਾ ਪਰਮਜੀਤ ਸਿੰਘ ਕਲਸੀ, ਪੰਚਾਇਤੀ ਰਾਜ ਦੇ ਐਕਸੀਅਨ ਰਾਜ ਕੁਮਾਰ, ਜੇ.ਈ. ਵਿਕਰਮ ਸਿੰਘ, ਜਰਮਨਜੀਤ ਸਿੰਘ ਬਾਜਵਾ, ਜਗਦੀਪ ਸਿੰਘ, ਸੁਖਦੇਵ ਸਿੰਘ, ਗੌਤਮ ਸੇਠ ਗੁੱਡੂ, ਹਰਪਾਲ ਸਿੰਘ, ਸੁਰਜੀਤ ਸਿੰਘ ਤੇ ਹੋਰ ਮੁਹਤਬਰ ਹਾਜ਼ਰ ਸਨ। ਖੇਡ ਮੈਦਾਨਾਂ ਦੇ ਵਿਕਾਸ ਕਾਰਜਾਂ ਦਾ ਨੀਂਹ ਪੱਥਰ ਰੱਖਣ ਉਪਰੰਤ ਕੈਬਨਿਟ ਮੰਤਰੀ ਸ: ਬਾਜਵਾ ਨੇ ਦੱਸਿਆ ਕਿ ਬਹੁਤਕਨੀਕੀ ਕਾਲਜ ਅਤੇ ਆਈ.ਟੀ.ਆਈ. ਬਟਾਲਾ ਦੇ ਖੇਡ ਮੈਦਾਨਾਂ ਵਿਚ 55 ਲੱਖ ਰੁਪਏ ਦੀ ਲਾਗਤ ਨਾਲ ਓਪਨ ਏਅਰ ਜਿੰਮ, ਫਲੱਡ ਲਾਈਟਾਂ ਅਤੇ ਹੋਰ ਵਿਕਾਸ ਕਾਰਜ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਖੇਡ ਮੈਦਾਨਾਂ ਵਿਚ ਓਪਨ ਜਿੰਮ ਲੱਗਣ ਨਾਲ ਸ਼ਹਿਰ ਦੇ ਨਾਲ ਇਲਾਕੇ ਦੇ ਨੌਜਵਾਨਾਂ ਅਤੇ ਆਮ ਸ਼ਹਿਰੀਆਂ ਨੂੰ ਵੱਡਾ ਲਾਭ ਮਿਲੇਗਾ।

ਓਪਨ ਏਅਰ ਜਿੰਮ ਦਾ ਨੀਂਹ ਪੱਥਰ ਰੱਖਦੇ ਹੋਏ ਕੈਬਨਿਟ ਮੰਤਰੀ ਤ੍ਰਿਪਤ ਰਜਿੰਦਰ ਸਿੰਘ ਬਾਜਵਾ। *ਅਜੀਤ ਤਸਵੀਰ*

ਸਿਵਲ ਸਰਜਨ ਦਫ਼ਤਰ ਵਿਖੇ ਧਰਨੇ 'ਤੇ ਬੈਠੇ ਮਲਟੀਪਰਪਜ਼ ਕੇਡਰ। *ਤਸਵੀਰ: ਵਿਸ਼ਾਲ ਮੁੰਨਾ*

ਮਲਟੀਪਰਪਜ਼ ਕੇਡਰ ਨੇ ਸਿਵਲ ਸਰਜਨ ਦਫ਼ਤਰ ਵਿਖੇ ਦਿੱਤਾ ਧਰਨਾ

ਗੁਰਦਾਸਪੁਰ, 3 ਜਨਵਰੀ (ਆਰਿਫ਼)-ਮਲਟੀਪਰਪਜ਼ ਕੇਡਰ ਵਲੋਂ ਸਿਵਲ ਸਰਜਨ ਦਫ਼ਤਰ ਗੁਰਦਾਸਪੁਰ ਵਿਖੇ 1 ਜਨਵਰੀ ਤੋਂ ਸ਼ੁਰੂ ਕੀਤੀ ਹੜਤਾਲ ਅੱਜ ਤੀਜੇ ਦਿਨ ਵਿਚ ਸ਼ਾਮਿਲ ਹੋ ਗਈ ਹੈ। ਅੱਜ ਮਲਟੀਪਰਪਜ਼ ਕੇਡਰ ਵਲੋਂ ਜ਼ਿਲ੍ਹਾ ਪ੍ਰਧਾਨ ਮਨਜੀਤ ਕੌਰ ਅਤੇ ਅਮਰਜੀਤ ਸਿੰਘ ਸੋਹਲ ਦੀ ਅਗਵਾਈ ਹੇਠ ਆਪਣੀਆਂ ਮੰਗਾਂ ਨੂੰ ਲੈ ਕੇ ਧਰਨਾ ਦਿੱਤਾ ਗਿਆ। ਇਸ ਮੌਕੇ ਸਮੂਹ ਕੇਡਰ ਨੇ ਕਿਹਾ ਕਿ ਕੋਰੋਨਾ ਕਾਲ ਦੌਰਾਨ ਉਨ੍ਹਾਂ ਨੂੰ ਬਹੁਤ ਪ੍ਰੇਸ਼ਾਨੀਆਂ ਝੱਲਣੀਆਂ ਪਈਆਂ। ਪਰ ਫਿਰ ਵੀ ਉਨ੍ਹਾਂ ਕੋਰੋਨਾ ਦੀ ਪ੍ਰਵਾਹ ਕੀਤੇ ਬਿਨਾਂ ਦਿਨ ਰਾਤ ਇਕ ਕਰਕੇ ਆਪਣੀ ਡਿਊਟੀ ਨਿਭਾਈ। ਜਿਸ ਬਦਲੇ ਉਨ੍ਹਾਂ ਨੂੰ ਨਾ ਤਾਂ ਕੋਈ ਇੰਨਸੈਂਟਿਵ ਦਿੱਤਾ ਗਿਆ, ਨਾ ਕੋਈ ਸਪੈਸ਼ਲ ਇੰਕਰੀਮੈਂਟ ਤੇ ਨਾ ਹੀ ਹਾਈ ਰਿਸਕ ਅਲਾਉਂਸ ਜੋ ਕਿ ਉਨ੍ਹਾਂ ਨੂੰ ਦੇਣਾ ਬਣਦਾ ਸੀ। ਪਰ ਨਹੀਂ ਦਿੱਤਾ ਗਿਆ। ਹੁਣ ਉਨ੍ਹਾਂ ਦੇ ਸ਼ੁਰੂ ਤੋਂ ਤਨਖ਼ਾਹਾਂ ਨਾਲ ਲੱਗੇ ਹੋਏ ਭੱਤੇ ਵੀ ਕੱਟ ਕੇ ਉਨ੍ਹਾਂ ਦੇ ਹੱਕਾਂ 'ਤੇ ਡਾਕਾ ਮਾਰਿਆ ਜਾ ਰਿਹਾ ਹੈ, ਜਿਸ ਨੂੰ ਉਹ ਬਿਲਕੁਲ ਬਰਦਾਸ਼ਤ ਨਹੀਂ ਕਰਨਗੇ। ਉਨ੍ਹਾਂ ਕਿਹਾ ਕਿ ਜੇਕਰ ਉਨ੍ਹਾਂ ਦੀਆਂ ਮੰਗਾਂ ਮੰਨਣ ਵਿਚ ਹੋਰ ਦੇਰੀ ਕੀਤੀ ਗਈ ਤਾਂ ਉਹ ਆਪਣੇ ਸੰਘਰਸ਼ ਨੂੰ ਤੇਜ਼ ਕਰਨਗੇ। ਇਸ ਮੌਕੇ ਇੰਦਰਜੀਤ ਕੌਰ, ਅਮਨਦੀਪ ਕੌਰ, ਕੁਲਵੰਤ ਕੌਰ, ਸੁਖਵੰਤ ਕੌਰ, ਸੁਨੀਤਾ ਦੇਵੀ, ਪਰਮਜੀਤ ਕੌਰ, ਰਾਜਿੰਦਰ ਕੌਰ, ਜਸਬੀਰ ਕੌਰ, ਲਖਵਿੰਦਰਜੀਤ ਕੌਰ, ਅਮਰਜੀਤ ਸਿੰਘ ਸੋਹਲ, ਨਿਰਮਲ ਸਿੰਘ, ਹਰਪ੍ਰੀਤ ਸਿੰਘ ਦਾਲਮ, ਗੁਰਵਿੰਦਰ ਸਿੰਘ, ਰੇਸ਼ਮ ਸਿੰਘ, ਗੁਰਦੇਵ ਸਿੰਘ, ਕਮਲਦੀਪ ਸਿੰਘ, ਰਾਜਬੀਰ ਸਿੰਘ ਆਦਿ ਹਾਜ਼ਰ ਸਨ।

ਨਰਸਿੰਗ ਸਟਾਫ਼ ਦੀ ਹੜਤਾਲ 29ਵੇਂ ਦਿਨ ਵਿਚ ਸ਼ਾਮਿਲ

ਗੁਰਦਾਸਪੁਰ, 3 ਜਨਵਰੀ (ਆਰਿਫ਼)-ਜੁਆਇੰਟ ਐਕਸ਼ਨ ਨਰਸਿੰਗ ਕਮੇਟੀ ਪੰਜਾਬ ਐਂਡ ਯੂ.ਟੀ ਦੇ ਸੱਦੇ 'ਤੇ ਜਿਲ੍ਹੇ ਦੇ ਸਮੂਹ ਨਰਸਿੰਗ ਸਟਾਫ਼ ਵਲੋਂ ਚੱਲ ਰਹੀ ਹੜਤਾਲ ਅੱਜ 29ਵੇਂ ਦਿਨ ਵਿਚ ਸ਼ਾਮਿਲ ਹੋ ਗਈ ਹੈ। ਇਸ ਮੌਕੇ ਸੰਬੋਧਨ ਕਰਦਿਆਂ ਨਰਸਿੰਗ ਸਟਾਫ਼ ਨੇ ਕਿਹਾ ਕਿ ਸਰਕਾਰ ਵਲੋਂ ਉਨ੍ਹਾਂ ਦੀਆਂ ਮੰਗਾਂ ਮੰਨਣ ਦਾ 5 ਤਾਰੀਖ਼ ਤੱਕ ਭਰੋਸਾ ਦਿਵਾਇਆ ਗਿਆ ਸੀ। ਪਰ ਜੇਕਰ ਉਨ੍ਹਾਂ ਦੀਆਂ ਮੰਗਾਂ ਦਾ ਹੱਲ ਨਾ ਹੋਇਆ ਤਾਂ ਇਹ ਭੁੱਖ ਹੜਤਾਲ ਜਾਰੀ ਰਹੇਗੀ। ਉਨ੍ਹਾਂ ਮੰਗ ਕਰਦਿਆਂ ਪੇਅ ਪੈਰਿਟੀ, ਅਲਾਉਂਸ, ਅਹੁਦਾ ਬਦਲਣ, ਕੱਚੇ ਮੁਲਾਜ਼ਮ ਪੱਕੇ ਕਰਨ ਆਦਿ ਮੰਗਾਂ ਦੇ ਹੱਲ ਦੀ ਮੰਗ ਕੀਤੀ ਗਈ। ਉਨ੍ਹਾਂ ਕਿਹਾ ਕਿ ਸਰਕਾਰ ਜਲਦ ਉਨ੍ਹਾਂ ਦੀਆਂ ਮੰਗਾਂ ਦਾ ਹੱਲ ਕਰੇ ਤਾਂ ਜੋ ਉਹ ਕੋਵਿਡ ਮਹਾਂਮਾਰੀ ਦੌਰਾਨ ਆਪਣੀ ਡਿਊਟੀ 'ਤੇ ਹਾਜ਼ਰ ਹੋ ਸਕਣ। ਇਸ ਮੌਕੇ ਸਵਿੰਦਰ ਕੌਰ ਘੁੰਮਣ ਪ੍ਰਧਾਨ ਨਰਸਿੰਗ ਐਸੋਸੀਏਸ਼ਨ, ਮੀਨਾ ਕੁਮਾਰੀ, ਹਰਜੀਤ ਸਿੰਘ, ਗੁਰਮੀਤ ਕੌਰ, ਕਮਲਜੀਤ ਮਿੰਨੀ, ਬਲਵਿੰਦਰ, ਜਸਬੀਰ, ਆਸ਼ਾ, ਸੁਰਜੀਤ, ਰਸ਼ਮੀ, ਰਾਜਬੀਰ, ਬੇਵੀ, ਕਵਿਤਾ, ਸਵਿਤਾ, ਮਨਦੀਪ, ਅਮਿਤ, ਅਮਨਪ੍ਰੀਤ, ਵੀਨਸ, ਵਿਕਟੋਰੀ, ਰੌਸ਼ਨੀ, ਸੋਫੀਆ, ਅਨੀਤਾ, ਸੁਖਜੀਤ ਕੌਰ, ਰਾਣੀ, ਰਮਨੀਕ ਕੌਰ, ਪ੍ਰਭਜੋਤ ਕੌਰ, ਗੁਰਪ੍ਰੀਤ ਕੌਰ, ਨਵਦੀਪ ਕੌਰ, ਅਰਵਿੰਦਰ ਕੌਰ, ਸਰਬਜੀਤ ਕੌਰ, ਜਸਵਿੰਦਰ ਕੌਰ, ਰਾਜ, ਰਵਿੰਦਰਜੀਤ ਕੌਰ ਆਦਿ ਹਾਜ਼ਰ ਸਨ।

ਰਾਜਬੀਰ ਕੌਰ ਕਲਸੀ ਆਮ ਆਦਮੀ ਪਾਰਟੀ 'ਚ ਸ਼ਾਮਿਲ ਹੋਏ ਵਰਕਰਾਂ ਦਾ ਸਨਮਾਨ ਕਰਦੇ ਹੋਏ। *ਅਜੀਤ ਤਸਵੀਰ*

ਰਾਜਬੀਰ ਕੌਰ ਕਲਸੀ ਦੀ ਅਗਵਾਈ ਹੇਠ ਕਈ ਪਰਿਵਾਰ 'ਆਪ' 'ਚ ਹੋਏ ਸ਼ਾਮਿਲ

ਬਟਾਲਾ, 3 ਜਨਵਰੀ (ਕਾਹਲੋਂ)-ਵਿਧਾਨ ਸਭਾ ਹਲਕਾ ਬਟਾਲਾ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਦੀ ਧਰਮਪਤਨੀ ਰਾਜਬੀਰ ਕੌਰ ਕਲਸੀ ਦੀ ਅਗਵਾਈ 'ਚ ਕਈ ਪਰਿਵਾਰ ਰਵਾਇਤੀ ਪਾਰਟੀਆਂ ਨੂੰ ਛੱਡ ਕੇ ਆਪ ਵਿਚ ਸ਼ਾਮਿਲ ਹੋਏ, ਜਿਨ੍ਹਾਂ ਦਾ ਸ੍ਰੀਮਤੀ ਕਲਸੀ ਵਲੋਂ ਪਾਰਟੀ ਵਿਚ ਸ਼ਾਮਿਲ ਹੋਣ 'ਤੇ ਸਵਾਗਤ ਕੀਤਾ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਨੂੰ ਹਲਕੇ ਵਿਚ ਭਰਵਾਂ ਹੁੰਗਾਰਾ ਮਿਲ ਰਿਹਾ ਹੈ ਤੇ ਲੋਕ ਰੋਜ਼ਾਨਾ ਰਵਾਇਤੀ ਪਾਰਟੀਆਂ ਨੂੰ ਛੱਡ ਕੇ ਆਪ ਵਿਚ ਸ਼ਾਮਿਲ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਸੂਬੇ ਦੇ ਲੋਕਾਂ ਨੂੰ ਪੰਜਾਬ ਦਾ ਭਵਿੱਖ ਹੁਣ ਆਮ ਆਦਮੀ ਪਾਰਟੀ ਵਿਚ ਹੀ ਨਜ਼ਰ ਆਉਂਦਾ ਹੈ, ਕਿਉਂਕਿ ਪਹਿਲਾਂ ਰਾਜ ਕਰ ਚੁੱਕੀਆਂ ਸਰਕਾਰਾਂ ਨੇ ਪੰਜਾਬ ਦੀ ਹਾਲਤ ਹਰ ਪੱਖੋਂ ਤਰਸਯੋਗ ਬਣਾ ਛੱਡੀ ਹੈ। ਉਨ੍ਹਾਂ ਕਿਹਾ ਕਿ ਸੂਬੇ ਵਿਚ ਨੌਜਵਾਨ ਪੀੜ੍ਹੀ ਵਿਦੇਸ਼ਾਂ 'ਚ ਜਾ ਰਹੀ ਹੈ, ਕਿਉਂਕਿ ਇੱਥੋਂ ਦੇ ਉਦਯੋਗ ਤੇ ਸਰਕਾਰੀ ਨੌਕਰੀਆਂ ਖਤਮ ਹੁੰਦੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਇਹ ਸਭ ਕੁਝ ਠੀਕ ਕਰਨ ਲਈ ਪਾਰਟੀ ਕਨਵੀਨਰ ਅਰਵਿੰਦ ਕੇਜਰੀਵਾਲ ਵਲੋਂ ਸੂਬੇ ਦੇ ਲੋਕਾਂ ਨੂੰ ਗਾਰੰਟੀਆਂ ਦਿੱਤੀਆਂ ਗਈਆਂ ਹਨ ਤੇ ਲੋਕਾਂ ਨੂੰ ਇਮਾਨਦਾਰ ਸਰਕਾਰ ਤੇ ਵਧੀਆ ਪ੍ਰਸ਼ਾਸਨ ਦੇ ਕੇ ਸਾਰੀਆਂ ਸਹੂਲਤਾਂ ਦਿੱਤੀਆਂ ਜਾਣਗੀਆਂ।

ਸਵਤੰਤਰ ਕੁਮਾਰ ਨੇ ਐੱਸ.ਡੀ.ਓ. ਉਮਰਪੁਰਾ ਵਜੋਂ ਅਹੁਦਾ ਸੰਭਾਲਿਆ

ਐੱਸ.ਡੀ.ਓ. ਸਵਤੰਤਰ ਕੁਮਾਰ ਦਾ ਸਵਾਗਤ ਕਰਦੇ ਸਟਾਫ਼ ਮੈਂਬਰ। *ਅਜੀਤ ਤਸਵੀਰ*

ਬਟਾਲਾ, 3 ਜਨਵਰੀ (ਕਾਹਲੋਂ)-ਅੱਜ ਉਮਰਪੁਰਾ ਦਫਤਰ ਵਿਖੇ ਐੱਸ.ਡੀ.ਓ. ਸਵਤੰਤਰ ਕੁਮਾਰ ਨੇ ਆਪਣਾ ਅਹੁਦਿਆ ਸੰਭਾਲ ਲਿਆ ਹੈ। ਇਸ ਮੌਕੇ ਉਨ੍ਹਾਂ ਕਿਹਾ ਕਿ ਖ਼ਪਤਕਾਰਾਂ ਨੂੰ ਕਿਸੇ ਵੀ ਕਿਸਮ ਦੀ ਕੋਈ ਪ੍ਰੇਸ਼ਾਨੀ ਹੋਵੇ ਤਾਂ ਉਨ੍ਹਾਂ ਨਾਲ ਸਿੱਧਾ ਰਾਬਤਾ ਕਰ ਸਕਦੇ ਹਨ। ਉਨ੍ਹਾਂ ਕਿਹਾ ਕਿ ਖ਼ਪਤਕਾਰਾਂ ਦੀਆਂ ਮੁਸ਼ਕਲਾਂ ਦਾ ਨਿਪਟਾਰਾ ਮੌਕੇ 'ਤੇ ਕੀਤਾ ਜਾਵੇਗਾ। ਇਸ ਮੌਕੇ ਸਟਾਫ਼ ਵਲੋਂ ਐਸ.ਡੀ.ਓ. ਸਵਤੰਤਰ ਕੁਮਾਰ ਦਾ ਸਵਾਗਤ ਕੀਤਾ ਗਿਆ। ਇਸ ਮੌਕੇ ਸੁਖਜਿੰਦਰ ਸਿੰਘ ਐੱਸ.ਡੀ.ਓ. ਨਾਰਥ, ਵਿਮਲ ਕੁਮਾਰ ਜੇ.ਈ. ਅਲੀਵਾਲ, ਹਿਤੇਸ਼ ਕੌੜ ਮੁੱਖ ਲੇਖਾ ਅਫ਼ਸਰ ਸ਼ਹਿਰੀ ਮੰਡਲ ਬਟਾਲਾ, ਨਵਜੋਤ ਸਿੰਘ ਜੇ.ਈ., ਜੁਗਰਾਜ ਸਿੰਘ, ਰਾਜੀਵ ਕੁਮਾਰ, ਸੁਖਪਾਲ ਸਿੰਘ ਜੇ.ਈ., ਸੁਰਜੀਤ ਸਿੰਘ ਜੇ.ਈ., ਧਰਮਿੰਦਰ ਸਿੰਘ ਜੇ.ਈ., ਸੰਜੀਵ ਕੁਮਾਰ ਜੇ.ਈ., ਸੁਰਿੰਦਰ ਸਿੰਘ ਆਰ.ਏ., ਰਾਜਵਿੰਦਰ ਸਿੰਘ ਕਾਲਾ, ਜਸਵੰਤ ਸਿੰਘ ਫੁਲਕੇ, ਹਰਦਿਆਲ ਸਿੰਘ ਬਿਜਲੀਵਾਲ, ਸੁਰਿੰਦਰ ਸ਼ਰਮਾ, ਸੁਭਾਸ਼ ਚੰਦਰ, ਜਗਦੀਸ਼ ਸਿੰਘ ਬਾਜਵਾ, ਕੁਲਦੀਪ ਰਾਜ, ਸਰਬਜੀਤ ਸਿੰਘ, ਜਗਮੋਹਨ ਸਿੰਘ ਮੱਲੀ, ਗੁਰਪ੍ਰੀਤ ਸਿੰਘ ਸੀ.ਸੀ., ਜੁਗਰਾਜ ਸਿੰਘ ਸੀ.ਡੀ.ਸੀ., ਹਰਭਿੰਦਰ ਸਿੰਘ ਐਲ.ਡੀ.ਸੀ., ਕਰਤਾਰ ਕੌਰ, ਰਜਵੰਤ ਸਿੰਘ, ਜੁਗਰਾਜ ਸਿੰਘ ਲਾਈਨਮੈਨ ਆਦਿ ਹਾਜ਼ਰ ਸਨ।

ਮੀਟਿੰਗ ਦੌਰਾਨ ਗੱਲਬਾਤ ਕਰਦੇ ਨਰਿੰਦਰ ਸਿੰਘ ਸੇਖਵਾਂ, ਸਤਿੰਦਰ ਸਿੰਘ ਠੇਕੇਦਾਰ ਤੇ ਹੋਰ। *ਤਸਵੀਰ : ਬੰਮਰਾਹ*

ਸ਼੍ਰੋਮਣੀ ਅਕਾਲੀ ਦਲ ਬੀ.ਸੀ. ਵਿੰਗ ਰਾਜਨਬੀਰ ਸਿੰਘ ਘੁਮਾਣ ਨਾਲ ਚੱਟਾਨ ਵਾਂਗ ਖੜ੍ਹਾ- ਸੇਖਵਾਂ, ਦਕੋਹਾ

ਘੁਮਾਣ, 3 ਜਨਵਰੀ (ਬੰਮਰਾਹ)-ਸ਼੍ਰੋਮਣੀ ਅਕਾਲੀ ਦਲ ਬੀ.ਸੀ. ਵਿੰਗ ਦੇ ਜ਼ਿਲ੍ਹਾ ਪ੍ਰਧਾਨ ਨਰਿੰਦਰ ਸਿੰਘ ਸੇਖਵਾਂ ਤੇ ਸਤਿੰਦਰ ਸਿੰਘ ਠੇਕੇਦਾਰ ਸਰਕਲ ਪ੍ਰਧਾਨ ਨੇ ਘੁਮਾਣ ਵਿਖੇ ਬੀ.ਸੀ. ਵਿੰਗ ਦੇ ਆਗੂਆਂ ਨਾਲ ਮੀਟਿੰਗ ਦੌਰਾਨ ਗੱਲਬਾਤ ਕਰਦਿਆਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦਾ ਬੀ.ਸੀ. ਵਿੰਗ ਰਾਜਨਬੀਰ ਸਿੰਘ ਘੁਮਾਣ ਨਾਲ ਚੱਟਾਨ ਵਾਂਗ ਖੜ੍ਹਾ ਹੈ। ਉਨ੍ਹਾਂ ਕਿਹਾ ਕਿ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਿਚ ਅਕਾਲੀ ਦਲ-ਬਸਪਾ ਗੱਠਜੋੜ ਦੀ ਸਰਕਾਰ ਜ਼ਰੂਰ ਬਣੇਗੀ। ਉਨ੍ਹਾਂ ਕਿਹਾ ਕਿ ਇਸ ਵਾਰ ਵਿਧਾਨ ਸਭਾ ਹਲਕਾ ਸ੍ਰੀ ਹਰਗੋਬਿੰਦਪੁਰ ਤੋਂ ਅਕਾਲੀ ਦਲ ਤੇ ਬਹੁਜਨ ਸਮਾਜ ਪਾਰਟੀ ਦੇ ਸਾਂਝੇ ਉਮੀਦਵਾਰ ਰਾਜਨਬੀਰ ਸਿੰਘ ਘੁਮਾਣ ਇਕ ਵੱਡੀ ਲੀਡ ਨਾਲ ਜਿੱਤ ਪ੍ਰਾਪਤ ਕਰਨਗੇ। ਇਸ ਮੌਕੇ ਸਤਿੰਦਰ ਸਿੰਘ ਸਰਕਲ ਪ੍ਰਧਾਨ ਬੀ.ਸੀ. ਵਿੰਗ, ਜਤਿੰਦਰ ਸਿੰਘ ਲੱਧਾਮੁੰਡਾ ਜਰਨਲ ਸਕੱਤਰ ਪੰਜਾਬ ਬੀਸੀ ਵਿੰਗ, ਤਰਸੇਮ ਸਿੰਘ ਭੋਮਾ ਸਰਕਲ ਪ੍ਰਧਾਨ ਬੀਸੀ ਵਿੰਗ, ਸਾਬਕਾ ਸਰਪੰਚ ਹਰਜਿੰਦਰ ਸਿੰਘ ਦਕੋਹਾ, ਰਾਜਾ ਬੱਲੜਵਾਲ, ਬੰਟੀ ਘੁਮਾਣ, ਹਰਦੇਵ ਸਿੰਘ ਭੱਟੀਵਾਲ ਤੇ ਲੱਖਾ ਘੁਮਾਣ ਆਦਿ ਹਾਜ਼ਰ ਸਨ।

'ਆਪ' ਉਮੀਦਵਾਰ ਬਹਿਲ ਨੇ ਨਗਰ ਕੌਂਸਲ ਪ੍ਰਧਾਨ ਬਲਜੀਤ ਸਿੰਘ ਪਾਹੜਾ 'ਤੇ ਟੈਂਡਰਾਂ ਦੇ ਸਮੇਂ 'ਚ ਹੇਰ-ਫੇਰ ਕਰਨ ਦੇ ਲਗਾਏ ਦੋਸ਼

ਸੱਚਾਈ ਤੋਂ ਅਨਜਾਣ ਬੌਖਲਾਹਟ 'ਚ ਬਹਿਲ ਦੇ ਰਹੇ ਹਨ ਹਾਸੋਹੀਣੇ ਬਿਆਨ-ਬਲਜੀਤ ਸਿੰਘ ਪਾਹੜਾ

ਗੁਰਦਾਸਪੁਰ, 3 ਜਨਵਰੀ (ਆਰਿਫ਼)-ਗੁਰਦਾਸਪੁਰ ਤੋਂ ਆਪ ਆਦਮੀ ਪਾਰਟੀ ਦੇ ਉਮੀਦਵਾਰ ਰਮਨ ਬਹਿਲ ਨੇ ਕਾਂਗਰਸੀ ਵਿਧਾਇਕ ਦੇ ਭਰਾ ਅਤੇ ਨਗਰ ਕੌਂਸਲ ਦੇ ਪ੍ਰਧਾਨ ਬਲਜੀਤ ਸਿੰਘ ਪਾਹੜਾ 'ਤੇ ਨਗਰ ਕੌਂਸਲ ਦੇ ਟੈਂਡਰਾਂ ਦੇ ਸਮੇਂ ਵਿਚ ਹੇਰ-ਫੇਰ ਕਰਨ ਦੇ ਦੋਸ਼ ਲਗਾਏ ਹਨ। ਉਨ੍ਹਾਂ ਨੇ ਕਿਹਾ ਹੈ ਕਿ ਕੌਂਸਲ ਵਲੋਂ ਅਖ਼ਬਾਰਾਂ ਰਾਹੀਂ ਸ਼ਹਿਰ ਦੇ ਖੰਬਿਆਂ 'ਤੇ ਫਲੈਕਸ ਇਸ਼ਤਿਹਾਰ ਲਗਾਉਣ ਲਈ 28 ਦਸੰਬਰ 2021 ਨੂੰ ਟੈਂਡਰ ਮੰਗੇ ਸਨ। ਜਿਸ ਦੀ ਆਖ਼ਰੀ ਮਿਤੀ 5 ਜਨਵਰੀ 2022 ਦਰਸਾਈ ਗਈ ਹੈ। ਇਸ ਪ੍ਰਕਿਰਿਆ ਨੂੰ ਪੂਰਾ ਕਰਨ ਲਈ ਮਹਿਜ਼ 7 ਦਿਨ ਦਾ ਸਮਾਂ ਹੀ ਦਿੱਤਾ ਗਿਆ ਹੈ। ਜਦੋਂ ਕਿ ਕਾਨੂੰਨੀ ਵਿਵਸਥਾਵਾਂ ਮੁਤਾਬਿਕ ਅਜਿਹੀ ਪ੍ਰਕਿਰਿਆ ਨੂੰ ਪੂਰਾ ਕਰਨ ਲਈ ਘੱਟੋ ਘੱਟ 21 ਦਿਨ ਲਗਦੇ ਹਨ। ਬਹਿਲ ਨੇ ਕਿਹਾ ਕਿ ਅਜਿਹਾ ਕਰਕੇ ਪਾਹੜਾ ਚੋਣ ਕਮਿਸ਼ਨ ਦੀਆਂ ਅੱਖਾਂ ਵਿਚ ਵੀ ਘੱਟਾ ਪਾ ਰਹੇ ਹਨ। ਸਿਆਸੀ ਲਾਹਾ ਲੈਣ ਲਈ ਉਹ ਇਹ ਟੈਂਡਰ ਆਪਣੇ ਕਿਸੇ ਖ਼ਾਸ ਨੂੰ ਦੇਣਾ ਚਾਹੁੰਦੇ ਹਨ ਤਾਂ ਜੋ ਚੋਣਾਂ ਸਮੇਂ ਇਨ੍ਹਾਂ ਖੰਬਿਆਂ 'ਤੇ ਕਾਂਗਰਸ ਦੇ ਹੀ ਫਲੈਕਸ ਬੋਰਡ ਪ੍ਰਚਾਰ ਲਈ ਲਗਾਏ ਜਾ ਸਕਣ। ਸ੍ਰੀ ਬਹਿਲ ਨੇ ਕਿਹਾ ਕਿ ਇਸ ਦੀ ਸ਼ਿਕਾਇਤ ਉਨ੍ਹਾਂ ਨੇ ਚੋਣ ਕਮਿਸ਼ਨ ਦੇ ਨਾਲ ਨਾਲ ਡਿਪਟੀ ਕਮਿਸ਼ਨਰ ਗੁਰਦਾਸਪੁਰ ਨੂੰ ਵੀ ਕੀਤੀ ਹੈ। ਇਸ ਬਾਬਤ ਜਦੋਂ ਪ੍ਰਧਾਨ ਬਲਜੀਤ ਸਿੰਘ ਪਾਹੜਾ ਨਾਲ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਪਹਿਲੀ ਗੱਲ ਕਿ ਰਮਨ ਬਹਿਲ ਨੂੰ ਇਹ ਨਹੀਂ ਪਤਾ ਕਿ ਸਰਕਾਰ ਵਲੋਂ ਟੈਂਡਰ ਪ੍ਰਕਿਰਿਆ ਪੂਰੀ ਕਰਨ ਦਾ ਸਮਾਂ 21 ਦਿਨ ਤੋਂ ਘਟਾ ਕੇ 14 ਦਿਨ ਦਾ ਕਰ ਦਿੱਤਾ ਗਿਆ ਹੈ। ਦੂਸਰਾ ਨਗਰ ਕੌਂਸਲ ਵਲੋਂ 22 ਦਸੰਬਰ ਨੂੰ ਹੀ ਇਹ ਟੈਂਡਰ ਆਨਲਾਈਨ ਜਾਰੀ ਕਰ ਦਿੱਤਾ ਗਿਆ ਸੀ ਅਤੇ ਇਸ਼ਤਿਹਾਰ ਲਈ ਮੁੱਖ ਦਫ਼ਤਰ ਚੰਡੀਗੜ੍ਹ ਨੂੰ ਲਿਖ ਕੇ